**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ ਫੋਨ ਨੰ: 0172-2623206, 2623207

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ),
ਪੰਜਾਬ।

ਮੀਮੋ ਨੰ:-ਡੀ.ਜੀ.ਐਸ.ਈ/ਆਰ.ਟੀ.ਈ/2011/94166
ਮਿਤੀ: ਚੰਡੀਗੜ੍ਹ/ 13/12/2011

**ਵਿਸ਼ਾ:- ਸਕੂਲ ਮਨੇਜਮੈਂਟ ਕਮੇਟੀਆਂ ਦਾ ਗਠਨ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦਾ ਧਿਆਨ ਰਾਈਟ ਆਫ਼ ਚਿਲਡਰਨ ਟੂ ਫ਼ਰੀ ਐਂਡ ਕੰਪਲਸਰੀ ਐਜੂਕੇਸ਼ਨ ਐਕਟ, 2009 ਦੀ ਧਾਰਾ 21 ਅਤੇ ਪੰਜਾਬ ਰਾਈਟ ਆਫ਼ ਚਿਲਡਰਨ ਟੂ ਫ਼ਰੀ ਐਂਡ ਕੰਪਲਸਰੀ ਐਜੂਕੇਸ਼ਨ ਰੂਲਜ਼, 2011 ਦੇ ਨਿਯਮ 13 ਵੱਲ ਦਿਵਾਉਂਦੇ ਹੋਏ ਇਹ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਨਿਯਮਾਂ ਦੇ ਲਾਗੂ ਹੋ ਜਾਣ ( 12 ਅਕਤੂਬਰ, 2011) ਤੋਂ 6 ਮਹੀਨੇ ਦੇ ਅੰਦਰ-ਅੰਦਰ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਬਿਨਾ ਹਰਿਕ ਸਕੂਲ ਲਈ ਸਕੂਲ ਮਨੇਜਮੈਂਟ ਕਮੇਟੀ ਦਾ ਗਠਨ ਕੀਤਾ ਜਾਵੇਗਾ। ਸਕੂਲ ਮਨੇਜਮੈਂਟ ਕਮੇਟੀਆਂ ਪਹਿਲਾ ਗਠਿਤ ਹੋਈਆਂ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ (ਪਸਵਕ) ਅਤੇ ਸ਼ਹਿਰੀ ਸਿੱਖਿਆ ਵਿਕਾਸ ਕਮੇਟੀਆਂ (ਸ਼ਸਵਕ) ਦੀ ਥਾਂ ਲੈਣਗੀਆਂ। ਸਕੂਲ ਮਨੇਜਮੈਂਟ ਕਮੇਟੀ ਦਾ ਕਾਰਜਕਾਲ 2 ਸਾਲ ਦਾ ਹੋਵੇਗਾ, ਜਿਸ ਪਿੱਛੋ ਕਮੇਟੀ ਦਾ ਮੁੜਗਠਨ ਕੀਤਾ ਜਾਵੇਗਾ। ਹਰਿਕ ਸਕੂਲ ਲਈ ਇਕ ਹੀ ਸਕੂਲ ਮਨੇਜਮੈਂਟ ਕਮੇਟੀ ਹੋਵੇਗੀ ਭਾਵੇਂ ਅਜਿਹਾ ਸਕੂਲ ਪ੍ਰਾਇਮਰੀ ਸਕੂਲ ਹੋਵੇ ਜਾਂ ਮਿਡਲ ਸਕੂਲ ਜਾਂ ਸੈਕੰਡਰੀ ਜਾਂ ਸੀਨੀਅਰ ਸੈਕੰਡਰੀ ਸਕੂਲ।

ਐਕਟ ਜਾਂ ਨਿਯਮਾਂ ਅਧੀਨ ਸਕੂਲ ਮਨੇਜਮੈਂਟ ਕਮੇਟੀ ਦੇ ਮੈਂਬਰਾਂ ਦੀ ਕੋਈ ਗਿਣਤੀ ਨਿਰਧਾਰਤ ਨਹੀਂ ਕੀਤੀ ਗਈ। ਸਾਰੇ ਸਕੂਲਾਂ ਵਿੱਚ ਗਠਿਤ ਕੀਤੀਆਂ ਜਾਣ ਵਾਲੀਆਂ ਸਕੂਲ ਮਨੇਜਮੈਂਟ ਕਮੇਟੀਆਂ ਵਿੱਚ ਇਕਸਾਰਤਾ ਰੱਖਣ ਦੇ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਮਨੇਜਮੈਂਟ ਕਮੇਟੀਆਂ ਦਾ ਗਠਨ ਹੇਠ ਲਿਖੇ ਅਨੁਸਾਰ ਕੀਤਾ ਜਾਵੇ :

(ੳ) ਸਕੂਲ ਮਨੇਜਮੈਂਟ ਕਮੇਟੀ ਦੇ ਮੈਂਬਰਾਂ ਦੀ ਕੁੱਲ ਗਿਣਤੀ 12 ਹੋਵੇਗੀ ਜਿਨ੍ਹਾਂ ਵਿੱਚ 9 ਮੈਂਬਰ (75%) ਸਕੂਲ ਦੇ ਬੱਚਿਆਂ ਦੇ ਮਾਪਿਆਂ ਜਾਂ ਸ੍ਰਪਰਸਤਾਂ ਵਿੱਚੋਂ ਲਏ ਜਾਣਗੇ ਜਿਨ੍ਹਾਂ ਵਿੱਚ 5 ਇਸਤਰੀਆਂ ਹੋਣਗੀਆਂ। ਇਹ ਵੀ ਸੁਨਿਸਚਿਤ ਕੀਤਾ ਜਾਵੇਗਾ ਕਿ ਡਿਸਐਡਵਾਂਟਜਡ ਗਰੁਪ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੇ ਮਾਪਿਆਂ ਨੂੰ ਅਨੁਪਾਤਿਕ ਨੁਮਾਇੰਦਗੀ ਦਿੱਤੀ ਜਾਵੇਗੀ ;

(ਅ) ਇੱਕ ਮੈਂਬਰ ਸਥਾਨਕ ਅਥਾਰਟੀ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਲਿਆ ਜਾਵੇਗਾ ਜਿਸ ਬਾਰੇ ਫ਼ੈਸਲਾ ਸਥਾਨਕ ਅਥਾਰਟੀ ਵੱਲੋਂ ਕੀਤਾ ਜਾਵੇਗਾ ;

(ੲ) ਇੱਕ ਮੈਂਬਰ ਅਧਿਆਪਕਾ ਵਿੱਚੋ ਲਿਆ ਜਾਵੇਗਾ, ਜਿਸ ਬਾਰੇ ਫ਼ੈਸਲਾ ਅਧਿਆਪਕਾਂ ਵੱਲੋਂ ਕੀਤਾ ਜਾਵੇਗਾ ;

(ਸ) ਬਾਕੀ ਇੱਕ ਮੈਂਬਰ ਸਥਾਨਕ ਵਿਦਿਅਕ ਮਾਹਰਾਂ ਜਾਂ ਸਕੂਲ ਦੇ ਵਿਦਿਆਰਥੀਆਂ ਵਿੱਚੋਂ ਲਿਆ ਜਾਵੇਗਾ, ਜਿਸ ਬਾਰੇ ਫ਼ੈਸਲਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਖੁਦ ਕੀਤਾ ਜਾਵੇਗਾ ; ਅਤੇ

(ਹ) ਸਕੂਲ ਦਾ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ, ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਮੈਂਬਰ ਹੋਵੇਗਾ ਪ੍ਰੰਤੂ ਉਸ ਨੂੰ ਵੋਟ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

ਸਕੂਲ ਮਨੇਜਮੈਂਟ ਕਮੇਟੀ ਆਪਣਾ ਕਾਰਵਿਹਾਰ ਚਲਾਉਣ ਦੇ ਲਈ ਗੈਰ ਸਰਕਾਰੀ ਮੈਂਬਰਾਂ ਵਿੱਚੋਂ ਇੱਕ ਚੇਅਰਪਰਸਨ ਅਤੇ ਵਾਇਸ ਚੇਅਰਪਰਸਨ ਦੀ ਚੋਣ ਕਰੇਗੀ। ਸਕੂਲ ਦਾ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ, ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਸਕੂਲ ਮਨੇਜਮੈਂਟ ਕਮੇਟੀ ਦਾ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ।

ਸਕੂਲ ਮਨੇਜਮੈਂਟ ਕਮੇਟੀ ਦਾ ਗਠਨ ਕਰਦੇ ਸਮੇਂ ਇਹ ਵੀ ਸੁਨਿਸਚਿਤ ਕੀਤਾ ਜਾਵੇ ਕਿ ਕਮੇਟੀ ਦੇ ਕੁੱਲ ਮੈਂਬਰਾਂ ਵਿੱਚ ਇਸਤੀਆਂ ਦੀ ਨੁਮਾਇੰਦਗੀ 50 ਪ੍ਰਤੀਸ਼ਤ ਤੋਂ ਘੱਟ ਨਹੀਂ ਹੋਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ
ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ,
ਪੰਜਾਬ।